## ਘਰੇਲੂ ਰੀਸਾਈਕਲਿੰਗ ਸੈਂਟਰ (ਐੱਚ.ਆਰ.ਸੀ.)

### ✓ ਜੀ ਹਾਂ




**ਹੌਰਟਨਵੁੱਡ (Hortonwood) 50 TF1 7AA**
**ਹੇਲਜ਼ਫੀਲਡ (Halesfield) 1* TF7 4LN**

ਹਫ਼ਤੇ ਵਿੱਚ 7 ਦਨਿ, ਸਵੇਰੇ 9 ਵਜੇ ਤੋਂ ਸ਼ਾਮ 5 ਵਜੇ ਤੱਕ, ਸਾਲ ਵਿੱਚ 362 ਦਨਿ ਖੁੱਲ੍ਹਾ। (ਕ੍ਰਸਿਮਸ ਵਾਲੇ ਦਨਿ, ਬੌਕਸਿੰਗ ਡੇਅ ਅਤੇ ਨਵੇਂ ਸਾਲ ਦੇ ਦਨਿ ਬੰਦ ਹੁੰਦਾ ਹੈ)

*ਕੁਝ ਕੰਟੇਨਰ ਸਿਰਫ਼ ਪੌੜੀਆਂ ਦੁਆਰਾ ਪਹੁੰਚਯੋਗ ਹਨ


**ਸਭ ਤੋਂ ਅਸਾਨ ਫੇਰੀ ਲਈ ਆਪਣੇ ਬੂਟ ਦਾ ਇੰਤਜ਼ਾਮ ਕਰਨ ਵਾਸਤੇ ਆਪਣੀ ਮਦਦ ਲਈ ਈ-ਪਰਮਿਟਾਂ, ਵਾਹਨ ਸਬੰਧੀ ਪਾਬੰਦੀਆਂ ਅਤੇ ਸਾਈਟ ਦੇ ਨਕਸ਼ਿਆਂ ਦੇ ਵੇਰਵਿਆਂ ਲਈ, ਇੱਥੇ ਜਾਓ: www.telford.gov.uk/hrc**

**ਕੀ ਉਹ ਆਈਟਮ ਨਹੀਂ ਦਿਖ ਰਹੀ, ਜਿਸ ਦੀ ਤੁਸੀਂ ਭਾਲ ਕਰ ਰਹੇ ਹੋ?**
ਰੀਸਾਈਕਲਿੰਗ ਦੀ ਮੁਕੰਮਲ ਜਾਣਕਾਰੀ ਲਈ **www.telford.gov.uk/recycling** 'ਤੇ ਜਾਓ

## ਮੁੜ ਵਰਤੋਂ ਲਈ ਚੁਣੋ

ਅਸੀਂ ਵਸਨੀਕਾਂ ਨੂੰ ਕੂੜਾ-ਕਰਕਟ ਨੂੰ ਘਟਾਉਣ, ਦੁਬਾਰਾ ਵਰਤੋਂ ਕਰਨ, ਮੁਰੰਮਤ ਕਰਨ ਅਤੇ ਜਿੱਥੇ ਵੀ ਸੰਭਵ ਹੋਵੇ, ਦੂਜਿਆਂ ਨੂੰ ਚੀਜ਼ਾਂ ਦਾਨ ਕਰਨ ਲਈ ਉਤਸ਼ਾਹਿਤ ਕਰਦੇ ਹਾਂ। ਕੀ ਤੁਹਾਡੀਆਂ ਚੀਜ਼ਾਂ ਨੂੰ ਦੁਬਾਰਾ ਵਰਤਿਆ ਜਾ ਸਕਦਾ ਹੈ? ਅਸੀਂ ਚੀਜ਼ਾਂ ਨੂੰ ਆਪਣੀ ਐੱਚ.ਆਰ.ਸੀ. ਅਤੇ ਭਾਰੀ ਕੂੜਾ-ਕਰਕਟ ਸਬੰਧੀ ਸੇਵਾ ਤੋਂ ਆਪਣੇ ਪਰਉਪਕਾਰੀ ਭਾਈਵਾਲਾਂ ਨੂੰ ਦਾਨ ਕਰਨ ਦੀ ਪੂਰੀ ਕੋਸ਼ਿਸ਼ ਕਰਦੇ ਹਾਂ। ਆਪਣੀ ਅਗਲੀ ਫੇਰੀ 'ਤੇ ਸਾਈਟ ਸਟਾਫ ਨਾਲ ਗੱਲ ਕਰੋ, ਮਿਲ ਕੇ ਅਸੀਂ ਫਰਕ ਲਿਆ ਸਕਦੇ ਹਾਂ।

**ਵੱਡੀ ਚੀਜ਼ ਨੂੰ ਚੁਕਵਾਏ ਜਾਣ ਦੀ ਲੋੜ ਹੈ?**
ਇਹ ਪਤਾ ਕਰਨ ਲਈ **www.telford.gov.uk/bulkywaste** 'ਤੇ ਜਾਓ ਕਿ ਅਸੀਂ ਕੀ ਲੈ ਸਕਦੇ ਹਾਂ





## ਤੁਹਾਡੇ ਕੂੜੇ ਅਤੇ ਰੀਸਾਈਕਲਿੰਗ ਨੂੰ ਇਕੱਠਾ ਕਰਨ ਤੋਂ ਬਾਅਦ ਕੀ ਹੁੰਦਾ ਹੈ



ਤੁਹਾਡੀ ਰਲਵੀਂ-ਮਿਲਵੀਂ ਰੀਸਾਈਕਲਿੰਗ ਨੂੰ ਇਕੱਠਾ ਕੀਤਾ ਜਾਂਦਾ ਹੈ ਅਤੇ ਮਟੀਰੀਅਲਜ਼ ਰਕਿਵਰੀ ਫੈਸਲਿਟੀ (ਐੱਮ.ਆਰ.ਐੱਫ.) **(Materials Recovery Facility) (MRF)** ਵਿੱਚ ਲਜਿਾਇਆ ਜਾਂਦਾ ਹੈ ਜਿੱਥੇ ਚੀਜ਼ਾਂ ਨੂੰ ਵੱਖ ਕੀਤਾ ਜਾਂਦਾ ਹੈ ਅਤੇ ਨਵੇਂ ਉਤਪਾਦਾਂ ਵਿੱਚ ਮੁੜ ਪ੍ਰਕਰਿਆ ਕਰਨ ਲਈ ਭੇਜਿਆ ਜਾਂਦਾ ਹੈ।



### ਭੋਜਨ ਦੇ ਟਨਿ ਅਤੇ ਪੇਯ-ਪਦਾਰਥਾਂ ਵਾਲੇ ਕੈਨ

ਐੱਮ.ਆਰ.ਐੱਫ. ਵਖਿੇ ਐਲੂਮੀਨੀਅਮ ਅਤੇ ਸਟੀਲ ਦੇ ਡੱਬਿਆਂ ਨੂੰ ਵੱਖ ਕੀਤਾ ਜਾਂਦਾ ਹੈ। ਐਲੂਮੀਨੀਅਮ ਦੇ ਡੱਬਿਆਂ ਨੂੰ ਨਵੇਂ ਉਤਪਾਦਾਂ ਦੇ ਰੂਪ ਵਿੱਚ ਰੀਸਾਈਕਲ ਕੀਤਾ ਜਾਂਦਾ ਹੈ, ਜਿਵੇਂ ਕਿ ਨਵੇਂ ਕੰਟੇਨਰ ਅਤੇ ਤਿਆਰ ਭੋਜਨ ਦੀ ਪੈਕੇਜਿੰਗ, ਅਤੇ ਸਟੀਲ ਦੇ ਡੱਬਿਆਂ ਨੂੰ ਕਾਰਾਂ ਅਤੇ ਨਿਰਮਾਣ ਸਮੱਗਰੀਆਂ ਲਈ ਸਟੀਲ ਦੇ ਰੂਪ ਵਿੱਚ ਰੀਸਾਈਕਲ ਕੀਤਾ ਜਾਂਦਾ ਹੈ।



### ਕੱਚ ਦੀਆਂ ਬੋਤਲਾਂ ਅਤੇ ਮਰਤਬਾਨ

ਕੱਚ ਨੂੰ ਪਿਘਲਾ ਕੇ ਨਵੀਆਂ ਬੋਤਲਾਂ ਅਤੇ ਮਰਤਬਾਨ ਬਣਾਉਣ ਲਈ ਵਰਤਿਆ ਜਾਂਦਾ ਹੈ।



### ਪਲਾਸਟਕਿ ਪੈਕੇਜਿੰਗ

ਪਲਾਸਟਕਿ ਦੀਆਂ ਬੋਤਲਾਂ ਨੂੰ ਮੁੜ ਤੋਂ ਨਵੀਆਂ ਪਲਾਸਟਕਿ ਦੀਆਂ ਬੋਤਲਾਂ, ਫਲੀਸ, ਪਲਾਸਟਕਿ ਦੀਆਂ ਕੁਰਸੀਆਂ ਅਤੇ ਮੇਜ਼ਾਂ ਵਿੱਚ ਦੁਬਾਰਾ ਰੀਸਾਈਕਲ ਕੀਤਾ ਜਾ ਸਕਦਾ ਹੈ।




### ਕਾਗਜ਼ ਅਤੇ ਗੱਤਾ

ਕਾਗਜ਼ ਅਤੇ ਗੱਤੇ ਨੂੰ ਪੇਪਰ ਮਿੱਲਾਂ ਵਿੱਚ ਲਜਿਾਇਆ ਜਾਂਦਾ ਹੈ ਜਿੱਥੇ ਇਸ ਨੂੰ ਗੱਤੇ, ਅਖ਼ਬਾਰਾਂ, ਕਤਿਾਬਾਂ ਅਤੇ ਦਫ਼ਤਰੀ ਕਾਗਜ਼ ਦੇ ਰੂਪ ਵਿੱਚ ਰੀਸਾਈਕਲ ਕੀਤਾ ਜਾਂਦਾ ਹੈ।




### ਬਾਗ ਦਾ ਕੂੜਾ-ਕਰਕਟ

ਬਾਗ ਦੇ ਕੂੜੇ ਨੂੰ ਇੱਕ ਸਥਾਨਕ ਖਾਦ ਅਸਥਾਨ ਵਿੱਚ ਲਜਿਾਇਆ ਜਾਂਦਾ ਹੈ ਜਿੱਥੇ ਅਸੀਂ ਕੂੜੇ ਨੂੰ ਖਾਦ ਵਿੱਚ ਬਦਲਦੇ ਹਾਂ।




### ਭੋਜਨ ਦੀ ਰਹਿੰਦ-ਖੂੰਹਦ

ਭੋਜਨ ਦੀ ਰਹਿੰਦ-ਖੂੰਹਦ ਨੂੰ ਐਨਏਰੋਬਕਿ ਡਾਇਜੇਸ਼ਨ ਫੈਸਲਿਟੀ ਵਿੱਚ ਲਜਿਾਇਆ ਜਾਂਦਾ ਹੈ ਜਿੱਥੇ ਗੈਸ ਪੈਦਾ ਕੀਤੀ ਜਾਂਦੀ ਹੈ ਅਤੇ ਖੇਤ ਲਈ ਖਾਦ ਤਿਆਰ ਕੀਤੀ ਜਾਂਦੀ ਹੈ।




### ਆਮ ਰਹਿੰਦ-ਖੂੰਹਦ

ਰਾਈਸਾਈਕਲ ਨਾ ਹੋ ਸਕਣ ਵਾਲੇ ਕੂੜਾ-ਕਰਕਟ ਨੂੰ ਲੈਂਡਫਿਲ ਤੋਂ ਤਬਦੀਲ ਕੀਤਾ ਜਾਂਦਾ ਹੈ ਅਤੇ ਐਨਰਜੀ ਰਕਿਵਰੀ ਫੈਸਲਿਟੀ (ਈ.ਆਰ.ਐੱਫ.) ਵੱਲ ਭੇਜਿਆ ਜਾਂਦਾ ਹੈ ਜਿੱਥੇ ਇਸ ਨੂੰ ਊਰਜਾ ਪੈਦਾ ਕਰਨ ਲਈ ਵਰਤਿਆ ਜਾਂਦਾ ਹੈ।

### ਸਮਾਂ ਬਚਾਓ - ਔਨਲਾਈਨ ਜਾਓ

**telford.gov.uk/recycleonline 'ਤੇ ਜਾ ਕੇ ਕਈ ਸੇਵਾ ਬੇਨਤੀਆਂ ਔਨਲਾਈਨ ਢੰਗ ਨਾਲ ਜ਼ਿਆਦਾ ਛੇਤੀ ਕੀਤੀਆਂ ਜਾ ਸਕਦੀਆਂ ਹਨ**

ਸਮੱਸਿਆਵਾਂ ਦੀ ਰਿਪੋਰਟ ਕਰਨ ਅਤੇ ਸੇਵਾਵਾਂ ਦੀ ਬੇਨਤੀ ਕਰਨ ਲਈ ਆਸਾਨ ਪਹੁੰਚ ਵਾਸਤੇ ਮਾਈਟੈਲਫੋਰਡ **(MyTelford)** ਐਪ ਦੀ ਵਰਤੋਂ ਕਰੋ। ਇਹ ਸਾਰੇ ਐਂਡਰੌਇਡ (Android) ਅਤੇ ਆਈ.ਓ.ਸੀ. (iOS) ਉਪਕਰਣਾਂ 'ਤੇ ਉਪਲਬਧ ਹੈ।

my Telford


Telford & Wrekin Co-operative Council | Protect, care and invest to create a better borough
Recycle more with VEOLIA


# ਆਪਣੀ ਰੀਸਾਈਕਲਿੰਗ ਅਤੇ ਕੂੜਾ-ਕਰਕਟ ਸਬੰਧੀ ਸੇਵਾ ਦੀ ਵਰਤੋਂ ਕਿਵੇਂ ਕਰਨੀ ਹੈ



## ਤੁਹਾਡੇ ਰੀਸਾਈਕਲਿੰਗ ਕੰਟੇਨਰ


ਤੁਹਾਡੀ ਰਸੋਈ ਦੇ ਕੈਡੀ (ਰਸੋਈ ਦੇ ਕੂੜੇ ਲਈ ਵਰਤਿਆ ਜਾਂਦਾ ਡੱਬਾ) ਦੀਆਂ ਚੀਜ਼ਾਂ ਤੁਹਾਡੇ ਬਾਹਰਲੇ ਕੈਡੀ ਵਿੱਚ ਜਾਂਦੀਆਂ ਹਨ






ਆਪਣਾ ਕੂੜਾ-ਕਰਕਟ ਚੁਕਵਾਏ ਜਾਣ ਵਾਲੇ ਦਨਿ ਸਵੇਰੇ 7 ਵਜੇ ਆਪਣੇ ਕੰਟੇਨਰਾਂ ਨੂੰ ਰੱਖੋ ਅਤੇ ਉਨ੍ਹਾਂ ਨੂੰ ਖ਼ਾਲੀ ਕਰਨ ਤੋਂ ਬਾਅਦ ਜਿੰਨੀ ਛੇਤੀ ਹੋ ਸਕੇ, ਆਪਣੇ ਘਰ ਵਿੱਚ ਵਾਪਸ ਲੈ ਜਾਓ।

ਤੁਹਾਡੇ ਨੀਲੇ/ਜਾਮਣੀ ਬੈਗ ਅਤੇ ਰਸੋਈ ਦੇ ਕੈਡੀ ਵਿਚਲੀਆਂ ਚੀਜ਼ਾਂ ਪਹੀਏ ਵਾਲੇ ਕੂੜਾਦਾਨਾਂ ਵਿੱਚ ਜਾਂਦੀਆਂ ਹਨ



ਕਿਰਪਾ ਕਰਕੇ ਆਪਣੇ ਫਲੈਟ ਜਾਂ ਪ੍ਰਾਪਰਟੀ ਵਿੱਚ ਕੈਨ (ਛੋਟੇ ਡੱਬਿਆਂ), ਪਲਾਸਟਕਿ ਅਤੇ ਕੱਚ ਨੂੰ ਆਪਣੇ ਜਾਮਣੀ ਬੈਗ ਵਿੱਚ ਭਰੋ। ਫੇਰ ਆਪਣੇ ਜਾਮਣੀ ਬੈਗ ਨੂੰ ਆਪਣੇ ਰੀਸਾਈਕਲਿੰਗ ਖੇਤਰ ਵਿੱਚ ਲੈ ਜਾਓ ਅਤੇ ਜੇਕਰ ਮੁਹੱਈਆ ਕੀਤਾ ਗਿਆ ਹੋਵੇ ਤਾਂ ਜਾਮਣੀ ਰੰਗ ਦੇ ਢੱਕਣ ਵਾਲੇ ਕੂੜਾਦਾਨ ਵਿੱਚ ਕੂੜੇ ਨੂੰ ਪਾ ਦਿਓ। ਕਿਰਪਾ ਕਰਕੇ ਆਪਣੇ ਫਲੈਟ ਜਾਂ ਪ੍ਰਾਪਰਟੀ ਵਿੱਚ ਆਪਣੇ ਨੀਲੇ ਬੈਗ ਨੂੰ ਗੱਤੇ ਅਤੇ ਕਾਗਜ਼ ਨਾਲ ਭਰੋ। ਫੇਰ ਆਪਣੇ ਨੀਲੇ ਬੈਗ ਨੂੰ ਆਪਣੇ ਰੀਸਾਈਕਲਿੰਗ ਖੇਤਰ ਵਿੱਚ ਲੈ ਜਾਓ ਅਤੇ ਜੇਕਰ ਮੁਹੱਈਆ ਕੀਤਾ ਗਿਆ ਹੋਵੇ ਤਾਂ ਨੀਲੇ ਰੰਗ ਦੇ ਢੱਕਣ ਵਾਲੇ ਕੂੜਾਦਾਨ ਵਿੱਚ ਕੂੜੇ ਨੂੰ ਪਾ ਦਿਓ। ਜੇਕਰ ਤੁਹਾਡੇ ਕੋਲ ਆਪਣੇ ਭੋਜਨ ਦੀ ਰਹਿੰਦ-ਖੂਹੰਦ ਲਈ ਭਾਈਚਾਰੇ ਦਾ ਸਾਂਝਾ ਕੂੜਾਦਾਨ ਹੈ, ਤਾਂ ਤੁਸੀਂ **www.telford.gov.uk/recycleonline** 'ਤੇ ਆਪਣੀ ਰਸੋਈ ਦੇ ਕੈਡੀ ਲਈ ਲਾਈਨਰਾਂ (ਬੈਗਾਂ) ਦੀ ਬੇਨਤੀ ਕਰ ਸਕਦੇ ਹੋ।

## ਤੁਹਾਡੇ **ਜਾਮਣੀ** ਕੰਟੇਨਰ

### ✓ ਜੀਹਾਂ

ਕਿਰਪਾ ਕਰਕੇ ਚੀਜ਼ਾਂ ਸਿੱਧੇ ਕੰਟੇਨਰ ਵਿੱਚ ਪਾਓ, ਕੈਰੀਅਰ ਬੈਗਾਂ ਦੀ ਵਰਤੋਂ **ਨਾ ਕਰੋ।**

ਭੋਜਨ ਵਾਲੇ ਟਿਨ (ਡੱਬੇ) ਅਤੇ ਪੇਯ-ਪਦਾਰਥ ਵਾਲੇ ਕੈਨ

- ✓ ਐਰੋਸੋਲ
- ✓ ਕੈਨ
- ✓ ਟਿਨ
- ✓ ਫੋਇਲ

ਪਲਾਸਟਿਕ

- ✓ ਖਾਣ ਅਤੇ ਪੀਣ ਵਾਲੀਆਂ ਪਲਾਸਟਿਕ ਦੀਆਂ ਬੋਤਲਾਂ
- ✓ ਬਲੀਚ ਅਤੇ ਸਫ਼ਾਈ ਦੀਆਂ ਬੋਤਲਾਂ
- ✓ ਬਾਥਰੂਮ ਦੀਆਂ ਪਲਾਸਟਿਕ ਬੋਤਲਾਂ
- ✓ ਬਰਤਨ
- ✓ ਟੱਬ ਅਤੇ ਟ੍ਰੇਆਂ
- ✓ ਕਾਲੇ ਪਲਾਸਟਿਕ, ਉਦਾਹਰਨ ਲਈ ਭੋਜਨ ਟ੍ਰੇਆਂ

ਰਲਵੀਆਂ-ਮਿਲਵੀਆਂ ਕੱਚ ਦੀਆਂ ਬੋਤਲਾਂ ਅਤੇ ਮਰਤਬਾਨ

- ✓ ਬੋਤਲਾਂ
- ✓ ਮਰਤਬਾਨ

### ✗ ਨਹੀਂ, ਧੰਨਵਾਦ

- ✗ ਗੱਤੇ ਅਤੇ ਕਾਗਜ਼
- ✗ ਕ੍ਰਿਸਪ ਪੈਕੇਟ
- ✗ ਪਲਾਸਟਿਕ ਬੈਗ ਅਤ ਪਲਾਸਟਿਕ ਫਿਲਮ
- ✗ ਪੌਦਿਆਂ ਦੇ ਗਮਲੇ ਅਤੇ ਟ੍ਰੇਆਂ
- ✗ ਭੋਜਨ ਦੀ ਰਹਿੰਦ-ਖੂੰਹਦ
- ✗ ਆਮ ਰਹਿੰਦ-ਖੂੰਹਦ



**ਕੱਪੜੇ, ਬੈਟਰੀਆਂ ਅਤੇ ਬਲਬ**

ਆਪਣੀਆਂ ਬੈਟਰੀਆਂ, ਬਲਬਾਂ ਅਤੇ ਕੱਪੜਿਆਂ ਨੂੰ ਰੀਸਾਈਕਲ ਕਰੋ। ਪਲਾਸਟਿਕ ਦੇ ਪਾਰਦਰਸ਼ੀ ਬੈਗਾਂ ਵਿੱਚ **ਵੱਖਰੇ ਤੌਰ 'ਤੇ** ਰੱਖੋ ਅਤੇ ਆਪਣੇ ਪਹੀਏ ਵਾਲੇ ਕੂੜੇਦਾਨ ਦੇ ਸਭ ਤੋਂ ਉੱਪਰ ਰੱਖੋ। ਕਿਰਪਾ ਕਰਕੇ ਕੂੜੇਦਾਨ ਦੀਆਂ ਹੱਥੀਆਂ ਨਾਲ ਨਾ ਬੰਨ੍ਹੋ।

ਆਪਣੀਆਂ ਬੈਟਰੀਆਂ ਨੂੰ ਸੁਰੱਖਿਅਤ ਢੰਗ ਨਾਲ ਰੀਸਾਈਕਲ ਕਰਕੇ **ਅੱਗ ਤੋਂ ਬਚਾਉਣ ਵਿੱਚ ਸਾਡੀ ਮਦਦ ਕਰੋ।**

ਕਿਰਪਾ ਕਰਕੇ ਜਿੱਥੇ ਉਚਿਤ ਹੋਵੇ, ਆਪਣੀ ਰੀਸਾਈਕਲਿੰਗ ਨੂੰ ਧੋਵੋ ਅਤੇ **ਖਾਲੀ ਕਰੋ।**

## ਤੁਹਾਡੇ **ਨੀਲੇ** ਕੰਟੇਨਰ

### ✓ ਜੀਹਾਂ

ਕਿਰਪਾ ਕਰਕੇ ਚੀਜ਼ਾਂ ਸਿੱਧੇ ਕੰਟੇਨਰ ਵਿੱਚ ਪਾਓ, ਕੈਰੀਅਰ ਬੈਗਾਂ ਦੀ ਵਰਤੋਂ **ਨਾ ਕਰੋ।**

ਕਾਗਜ਼. | ਗੱਤੇ

- ✓ ਰਸੋਈ ਰੋਲ ਅਤੇ ਟਾਇਲਟ ਰੋਲ
- ✓ ਕੈਟਾਲਾਗ ਅਤੇ ਡਾਇਰੈਕਟਰੀਆਂ
- ✓ ਲਿਫ਼ਾਫ਼ੇ
- ✓ ਰਲਵੇਂ-ਮਿਲਵੇਂ ਕਾਗਜ਼, ਰਸਾਲੇ ਅਤੇ ਕਾਮਿਕਸ
- ✓ ਡਲਿਵਿਰੀ ਬਾਕਸ
- ✓ ਜੰਕ ਮੇਲ
- ✓ ਕੱਟਿਆ ਹੋਇਆ ਕਾਗਜ਼ (ਥੋੜ੍ਹੀ ਮਾਤਰਾ)
- ✓ ਅਖਬਾਰਾਂ
- ✓ ਭੋਜਨ ਦੇ ਕੰਟੇਨਰ
- ✓ ਕਾਗਜ਼ ਦੇ ਬੈਗ
- ✓ ਸਟੇਸ਼ਨਰੀ

### ✗ ਨਹੀਂ, ਧੰਨਵਾਦ


- ✗ ਗੱਤੇ ਵਾਲੇ ਟੇਕਅਵੇ ਕੰਟੇਨਰ
- ✗ ਪਲਾਸਟਿਕ ਬੈਗ/ਫਿਲਮ
- ✗ ਗੱਤੇ ਦੇ ਡੱਬੇ
- ✗ ਪੋਲੀਸਟੀਰੀਨ
- ✗ ਬੈਟਰੀਆਂ

ਕੀ ਕੰਟੇਨਰ ਗੁੰਮ ਹੋ ਗਏ ਹਨ, ਜਾਂ ਵਾਧੂ ਰੀਸਾਈਕਲਿੰਗ ਕੰਟੇਨਰਾਂ ਦੀ ਲੋੜ ਹੈ? ਇੱਥੇ ਆਰਡਰ ਕਰੋ **www.telford.gov.uk/recycleonline**

ਕਿਰਪਾ ਕਰਕੇ ਆਪਣੇ ਨੀਲੇ ਬੈਗਾਂ ਨੂੰ ਆਪਣੇ ਜਾਮਣੀ ਢੱਕਣ ਵਾਲੇ ਕੂੜਾਦਾਨ ਵਿੱਚ ਨਾ ਪਾਓ।

ਤੁਸੀਂ ਆਪਣੇ ਨੀਲੇ ਬੈਗ ਦੇ ਨਾਲ ਵਾਧੂ ਕਾਰਡ ਪਾ ਸਕਦੇ ਹੋ, ਪਰ ਇਹ ਇੱਕ ਪਹੀਏ ਵਾਲੇ ਕੂੜੇਦਾਨ ਤੋਂ ਵੱਡਾ ਨਹੀਂ ਹੋਣਾ ਚਾਹੀਦਾ ਹੈ। ਕੋਈ ਵੀ ਵੱਡੀ ਚੀਜ਼ ਰੀਸਾਈਕਲਿੰਗ ਟਰੱਕ ਵਿੱਚ ਸੁਰੱਖਿਅਤ ਢੰਗ ਨਾਲ ਚੜ੍ਹਾਈ ਨਹੀਂ ਜਾ ਸਕਦੀ।

ਵਾਧੂ ਗੱਤੇ ਨੂੰ ਸਮਤਲ ਢੰਗ ਨਾਲ ਮੋੜ ਕੇ ਅਤੇ ਤੁਹਾਡੇ ਨੀਲੇ ਬੈਗ ਦੇ ਨਾਲ ਕੱਸ ਕੇ ਬੰਨ੍ਹਿਆ ਜਾਣਾ ਚਾਹੀਦਾ ਹੈ।




ਕਿਰਪਾ ਕਰਕੇ ਕਾਰਟਨਾਂ ਨੂੰ ਨੀਲੇ ਕੰਟੇਨਰਾਂ ਵਿੱਚ ਨਾ ਪਾਓ, ਇਸ ਦੀ ਬਜਾਏ ਉਨ੍ਹਾਂ ਨੂੰ ਐੱਚ.ਆਰ.ਸੀ. ਵਿੱਚ ਰੀਸਾਈਕਲ ਕਰੋ।

ਕਿਰਪਾ ਕਰਕੇ ਕੱਟੇ ਹੋਏ ਕਾਗਜ਼ ਨੂੰ ਅਖਬਾਰ ਵਿੱਚ **ਲਪੇਟੋ** ਜਾਂ ਆਪਣੇ ਕੰਟੇਨਰ **ਵਿੱਚ ਦਬਾ ਕੇ ਪਾ ਦਿਓ।**

## ਤੁਹਾਡਾ **ਹਰਾ** ਕੂੜਾਦਾਨ

### ✓ ਜੀਹਾਂ

ਬਾਗ ਦਾ ਕੂੜਾ-ਕਰਕਟ

- ✓ ਕੱਟਿਆ ਘਾਹ ਅਤੇ ਵਾੜ ਦੇ ਕੱਟੇ ਹੋਏ ਹਿੱਸੇ
- ✓ ਮੁਰਝਾਏ ਹੋਏ ਫੁੱਲ ਅਤੇ ਪੌਦੇ
- ✓ ਛੋਟੀਆਂ ਟਹਿਣੀਆਂ
- ✓ ਪੱਤੇ

### ✗ ਨਹੀਂ, ਧੰਨਵਾਦ

- ✗ ਭੋਜਨ ਦੀ ਰਹਿੰਦ-ਖੂੰਹਦ
- ✗ ਪਾਲਤੂ-ਜਾਨਵਰਾਂ ਦਾ ਬਿਸਤਰ
- ✗ ਪਲਾਸਟਿਕ ਜਾਂ ਪੈਕੇਜਿੰਗ
- ✗ ਮਿੱਟੀ ਅਤੇ ਕੱਟੀ ਹੋਈ ਘਾਹ

ਕੀ ਕਦੇ ਘਰੇਲੂ ਖਾਦ ਬਣਾਉਣ ਬਾਰੇ ਸੋਚਿਆ ਹੈ? ਹੋਰ ਜਾਣਕਾਰੀ ਇੱਥੇ ਦਿੱਤੀ ਗਈ ਹੈ **www.telford.gov.uk/compost**



## ਤੁਹਾਡੇ **ਚਾਂਦੀ ਰੰਗੇ** ਕੰਟੇਨਰ

### ✓ ਜੀਹਾਂ

ਭੋਜਨ ਦੀ ਰਹਿੰਦ-ਖੂੰਹਦ

- ✓ ਪਨੀਰ ਅਤੇ ਆਂਡੇ
- ✓ ਬ੍ਰੈੱਡ ਅਤੇ ਪੇਸਟਰੀਆਂ
- ✓ ਫਲ ਅਤੇ ਸਬਜ਼ੀਆਂ
- ✓ ਮੀਟ ਅਤੇ ਮੱਛੀ
- ✓ ਉੱਲੀ ਲੱਗਿਆ ਜਾਂ ਪੁਰਾਣਾ ਭੋਜਨ
- ✓ ਚਾਹ ਅਤੇ ਕੌਫੀ ਦੇ ਦਾਣੇ
- ✓ ਪਲੇਟ ਦੀ ਖੁਰਚਣ ਸਮੇਤ ਨਾ ਖਾਧੇ ਸਾਰੇ ਭੋਜਨ

### ✗ ਨਹੀਂ, ਧੰਨਵਾਦ

- ✗ ਪਲਾਸਟਿਕ ਪੈਕੇਜਿੰਗ
- ✗ ਤਰਲ ਪਦਾਰਥ
- ✗ ਤੇਲ ਜਾਂ ਚਰਬੀਆਂ
- ✗ ਪਾਲਤੂ ਜਾਨਵਰਾਂ ਦਾ ਮਲ-ਤਿਆਗ/ਕੂੜਾ/ਬਿਸਤਰਾ
- ✗ ਗੱਤੇ

ਕੀ ਅਜੇ ਤੱਕ ਭੋਜਨ ਦੀ ਰਹਿੰਦ-ਖੂੰਹਦ ਸਬੰਧੀ ਸੇਵਾ ਦੀ ਵਰਤੋਂ ਨਹੀਂ ਕੀਤੀ ਹੈ? ਆਪਣਾ ਕੈਡੀ ਇੱਥੇ ਪ੍ਰਾਪਤ ਕਰੋ **www.telford.gov.uk/recycleonline**




ਤੁਸੀਂ ਆਪਣੇ ਭੋਜਨ ਦੇ ਰਹਿੰਦ ਖੂੰਹਦ ਵਾਲੀ ਕੈਡੀ ਦੇ ਅੰਦਰ ਅਖ਼ਬਾਰ, ਕਿਚਨ ਰੋਲ ਪਾ ਸਕਦੇ ਹੋ ਜਾਂ ਕੁਝ ਵੀ ਨਹੀਂ ਪਾ ਸਕਦੇ ਜਾਂ ਫੇਰ ਤੁਸੀਂ ਸੁਭਾਵਿਕ ਤੌਰ 'ਤੇ ਖਤਮ ਹੋਣ ਯੋਗ ਕੈਡੀ ਲਾਈਨਰ ਖ਼ਰੀਦ ਸਕਦੇ ਹੋ, ਜੋ ਵਿਆਪਕ ਤੌਰ 'ਤੇ ਉਪਲਬਧ ਹਨ।

## ਤੁਹਾਡਾ **ਲਾਲ** ਢੱਕਣ ਵਾਲਾ ਕੂੜਾਦਾਨ

### ✓ ਜੀਹਾਂ


household waste

- ✓ ਸੈਨੇਟਰੀ ਆਈਟਮਾਂ
- ✓ ਨੈਪੀਆਂ (ਪੋਤੜੇ)
- ✓ ਪੋਲੀਸਟੀਰੀਨ
- ✓ ਕ੍ਰਿਸਪ ਪੈਕੇਟ
- ✓ ਪਲਾਸਟਿਕ ਬੈਗ
- ✓ ਆਮ ਕੂੜਾ-ਕਰਕਟ
- ✓ ਦੂਸ਼ਿਤ ਹੋਏ ਫਾਸਟ ਫੂਡ ਕੰਟੇਨਰ
- ✓ ਪੌਦਿਆਂ ਦੇ ਗਮਲੇ ਅਤੇ ਟ੍ਰੇਆਂ
- ✓ ਵਾਲਪੇਪਰ
- ✓ ਪਲਾਸਟਿਕ ਫਿਲਮ ਅਤੇ ਪਲਾਸਟਿਕ ਦੇ ਰੈਪਰ
- ✓ ਜਾਨਵਰਾਂ ਦਾ ਵਰਤਿਆ ਗਿਆ ਬਿਸਤਰਾ
- ✓ ਬਿੱਲੀ ਦਾ ਪਖਾਨਾ

ਡੁੱਲ੍ਹਣ ਤੋਂ ਬਚਾਅ ਲਈ ਪਸ਼ੂਆਂ ਦੇ ਬਿਸਤਰੇ ਅਤੇ ਬਿੱਲੀ ਦੇ ਮਲ-ਤਿਆਗ ਨੂੰ ਤੁਹਾਡੇ ਲਾਲ ਢੱਕਣ ਵਾਲੇ **ਕੂੜੇਦਾਨ ਵਿੱਚ ਬੈਗਾਂ ਵਿੱਚ ਰੱਖਣ ਦੀ ਲੋੜ ਹੈ।**

ਲਾਲ ਢੱਕਣ ਵਾਲੇ ਕੂੜਾਦਾਨ ਵਿੱਚ ਰੱਖਣ ਤੋਂ ਪਹਿਲਾਂ **ਕਿਰਪਾ ਕਰਕੇ ਚੈਕ ਕਰੋ ਕਿ ਤੁਹਾਡੀਆਂ ਚੀਜ਼ਾਂ ਨੂੰ ਰੀਸਾਈਕਲ ਨਹੀਂ ਕੀਤਾ ਜਾ ਸਕਦਾ ਹੈ**

ਕਿਰਪਾ ਕਰਕੇ ਯਕੀਨੀ ਬਣਾਓ ਕਿ ਢੱਕਣ ਬੰਦ ਹੁੰਦਾ ਹੈ – ਕੂੜੇਦਾਨ ਤੋਂ ਬਾਹਰ ਦਾ ਕੂੜਾ ਇਕੱਠਾ ਨਹੀਂ ਕੀਤਾ ਜਾਵੇਗਾ




ਆਪਣੇ ਕੰਟੇਨਰਾਂ ਨੂੰ ਬਾਹਰ ਰੱਖਣ ਲਈ ਇੱਕ ਹਫਤਾਵਾਰੀ ਈਮੇਲ ਰੀਮਾਈਂਡਰ ਪ੍ਰਾਪਤ ਕਰਨਾ ਚਾਹੁੰਦੇ ਹੋ?
**www.telford.gov.uk/bindayfinder** 'ਤੇ ਸਾਈਨ ਅੱਪ ਕਰੋ
ਰੀਸਾਈਕਲਿੰਗ ਬਾਰੇ ਹੋਰ ਜਾਣਕਾਰੀ ਲਈ ਇੱਥੇ ਜਾਓ **www.telford.gov.uk/recycling**